ਸਰਕਾਰੀ ਆਯੂਰਵੈਦਿਕ ਕਾਲਜ, ਮੋਤੀ ਬਾਗ ਰੋਡ, ਨਜਦੀਕ

ਨਗਰ ਨਿਗਮ ਕਮੇਟੀ ਦਫਤਰ , ਪਟਿਆਲਾ ਈ-ਮੇਲ- patialagac99@gmail.com

ਬੋਲੀ ਸਬੰਧੀ

ਸਰਕਾਰੀ ਆਯੂਰਵੈਦਿਕ ਕਾਲਜ ਪਟਿਆਲਾ ਦੇ ਆਡੀਟੋਰੀਅਮ ਵਿੱਚ ਫਿਕਸ ਕੀਤੀਆ ਪੁਰਾਣੀਆਂ ਕੁਰਸੀਆਂ(ਲੋਹੇ ਅਤੇ ਲੱਕੜ ਦੀ) ਲਗਭਗ 300 ਦੀ ਨੀਲਾਮੀ ਮਿਤੀ 01/10/2025 ਨੂੰ 11.00 ਵਜੇ ਹੋਣੀ ਹੈ।

ਇਸ ਸਬੰਧੀ ਬੋਲੀ ਦੀ ਸ਼ਰਤਾਂ ਇਸ ਸੰਸਥਾ ਦੀ ਵੇਬ ਸਾਇਟ www.gacpatiala.com ਤੇ ਅਪਲੋਡ ਕੀਤੀ ਗਈ ਹੈ।

ਪ੍ਰਿੰਸੀਪਲ, ਸਰਕਾਰੀ ਆਯੂਰਵੈਦਿਕ

ਕਾਲਜ,ਪਟਿਆਲਾ

Scanned with CamScanner

ਸਰਕਾਰੀ ਆਯੂਰਵੈਦਿਕ ਕਾਲਜ, ਮੋਤੀ ਬਾਗ ਰੋਡ, ਨਜਦੀਕ
ਨਗਰ ਨਿਗਮ ਕਮੇਟੀ ਦਫਤਰ , ਪਟਿਆਲਾ ਈ-ਮੇਲ- patialagac99@gmail.com

## ਬੋਲੀ ਸਬੰਧੀ ਸ਼ਰਤਾਂ

1. ਇਹ ਬੋਲੀ ਮਿਤੀ 01/10/2025 (ਦਿਨ ਬੁੱਧਵਾਰ ) ਨੂੰ ਸਵੇਰੇ 11.00 ਵਜੇ ਆਡੀਟੋਰੀਅਮ ਹਾਲ ਵਿਖੇ ਕੀਤੀ ਜਾਵੇਗੀ ।
2. ਇਸ ਬੋਲੀ ਦਾ ਘੱਟੋ-ਘੱਟ ਰੇਟ 30 ਰੁਪਏ ਪ੍ਰਤੀ ਕਿਲੋਗ੍ਰਾਮ ਲੋਹੇ ਤੋ ਸ਼ੁਰੂ ਕੀਤਾ ਜਾਵੇਗਾ ।
3. ਬੋਲੀਕਾਰ (ਠੇਕੇਦਾਰ ) ਨੂੰ ਬੋਲੀ ਵਿੱਚ ਹਿੱਸਾ ਲੈਣ ਤੋ ਪਹਿਲਾ 10,000/- ਰੁਪਏ ਐਡਵਾਂਸ ਬਤੋਰ ਸਕਿਓਰਟੀ ਦਫਤਰ ਦੇ ਕੈਸ਼ੀਅਰ ਕੋਲ ਜਮਾਂ ਕਰਵਾਉਣੇ ਹੋਣਗੇ ਅਤੇ ਰਸੀਦ ਦੀ ਕਾਪੀ ਬੋਲੀ ਸਮੇ ਪੇਸ ਕਰਨੀ ਲਾਜਮੀ ਹੋਵੇਗੀ ।ਇਹ ਜਮਾਂ ਕਰਵਾਈ ਗਈ ਰਕਮ ਬੋਲੀ ਵਿੱਚ ਸਫਲ ਨਾ ਹੋਣ ਦੀ ਸੂਰਤ ਵਿੱਚ ਸਬੰਧਤ ਬੋਲੀਕਾਰ(ਠੇਕੇਦਾਰ) ਨੂੰ ਵਾਪਿਸ ਕਰ ਦਿੱਤੇ ਜਾਣਗੇ।
4. ਜਿਸ ਬੋਲੀਕਾਰ (ਠੇਕੇਦਾਰ) ਦੀ ਬੋਲੀ ਮੰਜ਼ੂਰ ਹੋਵੇਗੀ, ਉਸਨੂੰ ਬੋਲੀ ਜਿੱਤਣ ਉਪਰੰਤ 10,000/- ਰੁਪਏ ਹੋਰ ਦਫਤਰ ਦੇ ਕੈਸ਼ੀਅਰਕੋਲ ਮੋਕੇ ਤੇ ਹੀ ਜਮਾਂ ਕਰਵਾਉਣੇ ਹੋਣਗੇ । ਜਿਸ ਉਪਰੰਤ ਬਾਕੀ ਰਹਿੰਦੀ ਰਕਮ ਇੱਕ ਹਫਤੇ ਦੇ ਅੰਦਰ ਅੰਦਰ ਕੁਰਸੀਆਂ ਦੇ ਵਜਨ ਕਰਨ ਉਪਰੰਤ ਕੁਰਸੀਆਂ ਚੁੱਕਣ ਤੋ ਪਹਿਲਾ ਦਫਤਰ ਦੇ ਕੈਸ਼ੀਅਰ ਪਾਸ ਜਮਾਂ ਕਰਵਾਉਣ ਦੇ ਪਾਬੰਦ ਰਹਿਣਗੇ
5. ਇਸ ਬੋਲੀ ਵਿੱਚ ਉਹ ਬੋਲੀਕਾਰ(ਠੇਕੇਦਾਰ) ਹੀ ਭਾਗ ਲੈ ਸਕਦਾ ਹੈ ਜਿਸ ਕੋਲ ਭਾਰ ਤੋਲਣ ਵਾਲੀ ਮਸ਼ੀਨ ਉਪਲਬਧ ਹੋਵੇਗੀ ਅਤੇ ਇਸ ਸਬੰਧੀ ਉਸ ਵੱਲੋ ਮਸ਼ੀਨ ਸਬੰਧੀ ਸਬੂਤ ਪੇਸ਼ ਕਰਦੇ ਹੋਏ ਅੰਡਰਟੇਕਿੰਗ ਵੀ ਦਫਤਰ ਵਿਖੇ ਜਮਾਂ ਕਰਵਾਉਣੀ ਪਵੇਗੀ ।
6. ਇਹ ਲੋਹਾ ਬੋਲੀਕਾਰ ਵੱਲੋ ਭਾਰ ਤੋਲਣ ਵਾਲੀ ਮਸ਼ੀਨ ਰਾਹੀ ਭਾਰ ਤੋਲਣ ਲਈ ਪਾਬੰਦ ਹੋਵੇਗੀ।
7. ਇਸ ਤਰਾਂ ਹੀ ਸਫਲ ਬੋਲੀਕਾਰ(ਠੇਕੇਦਾਰ) ਵੱਲੋ ਬੋਲੀ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਕਾਰਨ ਉਸ ਤੋ ਬਾਅਦ ਵਾਲੇ ਬੋਲੀਕਾਰ(ਠੇਕੇਦਾਰ) ਵੱਲੋ ਦਿਤੀ ਗਈ ਬੋਲੀ ਮੰਜ਼ੂਰ ਕਰਨ ਦਾ ਇਸ ਦਫਤਰ ਪਾਸ ਪੂਰਾ ਹੱਕ ਹੋਵੇਗਾ ।
8. ਇਸ ਤੋ ਇਲਾਵਾ ਇਸ ਦਫਤਰ ਪਾਸ ਇਹ ਹੱਕ ਰਾਖਵਾਂ ਹੋਵੇਗਾ ਕਿ ਉਹ ਕਿਸੇ ਵੀ ਸਮੇ ਇਹ ਬੋਲੀ ਬਿਨਾਂ ਕਿਸੇ ਪੂਰਵ ਨੋਟਿਸ/ਕਾਰਨ ਦੱਸੇ ਰੱਦ ਕਰ ਸਕਦਾ ਹੈ।
9. ਬੋਲੀਕਾਰ(ਠੇਕੇਦਾਰ) ਦੇ ਬੋਲੀ ਜਿੱਤਣ ਉਪਰੰਤ ਇੱਕ ਹਫਤੇ ਦੇ ਅੰਦਰ- ਅੰਦਰ ਇਹ ਸਮਾਣ ਚਕਵਾਉਣਾ ਲਾਜਮੀ ਹੋਵੇਗਾ । ਜੇਕਰ ਬੋਲੀਕਾਰ(ਠੇਕੇਦਾਰ) ਇੱਕ ਹਫਤੇ ਵਿੱਚ ਇਹ ਸਮਾਣ ਚੱਕਣ ਵਿੱਚ ਅਸਮਰਥ ਹੁੰਦਾ ਹੈ ਤਾਂ 1000 ਪ੍ਰਤੀ ਦਿਨ ਦਾ ਜੁਰਮਾਨਾ ਲਿਆ ਜਾਵੇਗਾ।

ਪ੍ਰਿੰਸੀਪਲ,

Scanned with CamScanner